**Annual School Report**

**Frequently Asked Questions**

# ਸਾਲਾਨਾ ਸਕੂਲ ਰਿਪੋਰਟ
# ਆਮ ਤੌਰ ਤੇ ਪੁੱਛੇ ਜਾਣ ਵਾਲੇ ਪ੍ਰਸ਼ਨ

## ਸਾਲਾਨਾ ਸਕੂਲ ਰਿਪੋਰਟ ਕੀ ਹੈ?

ਸਾਲਾਨਾ ਸਕੂਲ ਰਿਪੋਰਟ ਸਕੂਲ ਦੀ ਸਵੈ-ਮੁਲੰਕਣ ਪ੍ਰਕਿਰਿਆ ਦਾ ਇੱਕ ਰਿਕਾਰਡ ਹੈ। ਇਹ ਹਰ ਸਾਲ ਕਰਵਾਈ ਜਾਂਦੀ ਹੈ ਅਤੇ ਇਹ ਸਕੂਲ ਯੋਜਨਾਬੰਦੀ ਅਤੇ ਮੁਲੰਕਣ ਦੇ ਚੱਲ ਰਹੇ ਚੱਕਰ ਦਾ ਹਿੱਸਾ ਹੈ।

ਸਾਲਾਨਾ ਸਕੂਲ ਰਿਪੋਰਟ ਰਾਸ਼ਟਰੀ ਅਤੇ ਰਾਜ ਦੇ ਟੈਸਟਿੰਗ ਪ੍ਰੋਗਰਾਮਾਂ ਵਿੱਚ ਸਕੂਲ ਦੀ ਕਾਰਗੁਜ਼ਾਰੀ ਬਾਰੇ ਸਕੂਲ ਭਾਈਚਾਰੇ ਨੂੰ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਇਹ ਉਸ ਸੰਦਰਭ ਬਾਰੇ ਵੀ ਜਾਣਕਾਰੀ ਦਿੰਦੀ ਹੈ ਜਿਸ ਵਿੱਚ ਉਹ ਜਾਣਕਾਰੀ ਵਿਚਾਰੀ ਜਾਣੀ ਹੈ।

NSW Department of Education and Training (DET), ਵਿਦਿਅਕ ਮਾਪ ਅਤੇ ਸਕੂਲ ਜਵਾਬਦੇਹੀ ਡਾਇਰੈਕਟੋਰੇਟ (Educational Measurement and School Accountability Directorate) ਵੱਲੋਂ ਸਥਾਪਤ ਨਿਰਦੇਸ਼ਾਂ ਅਨੁਸਾਰ ਤਕਰੀਬਨ 2250 ਸਕੂਲ ਅਤੇ ਸਿੱਖਿਆ ਕੇਂਦਰ ਸਾਲਾਨਾ ਸਕੂਲ ਰਿਪੋਰਟ ਤਿਆਰ ਕਰਦੇ ਹਨ।

## ਸਾਲਾਨਾ ਸਕੂਲ ਰਿਪੋਰਟਾਂ ਦਾ ਕੀ ਮੰਤਵ ਹੈ?

ਸਾਲਾਨਾ ਸਕੂਲ ਰਿਪੋਰਟ ਮਾਪਿਆਂ ਤੇ ਭਾਈਚਾਰੇ ਪ੍ਰਤੀ, NSW Department of Education and Training (DET) ਅਤੇ ਕਾਮਨਵੈਲਥ ਸਰਕਾਰ ਦੇ ਵਿਦਿਆ, ਰੋਜ਼ਗਾਰ ਅਤੇ ਕੰਮ-ਕਾਜ ਵਾਲੇ ਸਥਾਨ ਉਤੇ ਸਬੰਧਾਂ ਬਾਰੇ ਵਿਭਾਗ (Department of Education, Employment and Workplace Relations) (DEEWR) ਪ੍ਰਤੀ ਸਕੂਲ ਦੀ ਜਵਾਬਦੇਹੀ ਦੀਆਂ ਆਵਸ਼ਕਤਾਵਾਂ ਦਾ ਇੱਕ ਮਹੱਤਵਪੂਰਣ ਅੰਗ ਹੈ।

## ਸਾਲਾਨਾ ਸਕੂਲ ਰਿਪੋਰਟਾਂ ਲਈ ਵੈਧਾਨਿਕ ਰਿਪੋਰਟਿੰਗ ਆਵੱਸ਼ਕਤਾਵਾਂ ਕੀ ਹਨ?

ਉਹ ਵੈਧਾਨਿਕ ਤੱਤ ਜਿਨ੍ਹਾਂ ਦੇ ਆਧਾਰ ਉਤੇ ਸਕੂਲਾਂ ਲਈ ਰਿਪੋਰਟ ਭੇਜਣੀ ਜ਼ਰੂਰੀ ਹੁੰਦੀ ਹੈ, ਉਨ੍ਹਾਂ ਵਿੱਚ ਵਿਆਪਕ ਤੌਰ ਉਤੇ ਨਿਮਨਲਿਖਿਤ ਸ਼ਾਮਲ ਹੁੰਦੇ ਹਨ

- ਸਟਾਫ਼ ਤੇ ਵਿਦਿਆਰਥੀ ਦੀ ਪਿੱਠਭੂਮੀ ਬਾਰੇ ਜਾਣਕਾਰੀ
- ਵਿਦਿਆਰਥੀ ਦੀ ਕਾਰਗੁਜ਼ਾਰੀ
- ਸਕੂਲ ਸਵੈ-ਮੁਲੰਕਣ
- ਸੁਧਾਰ ਲਈ ਨਿਸ਼ਾਨੇ

## ਸਾਲਾਨਾ ਸਕੂਲ ਰਿਪੋਰਟਾਂ ਦੇ ਵਿਕਾਸ ਲਈ ਕੌਣ ਜ਼ਿੰਮੇਵਾਰ ਹੈ?

ਸਾਲਾਨਾ ਸਕੂਲ ਰਿਪੋਰਟ ਸਕੂਲ ਸਵੈ-ਮੁਲੰਕਣ ਕਮੇਟੀ ਵੱਲੋਂ ਤਿਆਰ ਕੀਤੀ ਜਾਂਦੀ ਹੈ। ਇਸ ਕਮੇਟੀ ਵਿੱਚ ਭਾਈਚਾਰੇ ਅਤੇ ਮਾਪੇ ਪ੍ਰਤੀਨਿਧ, ਅਧਿਆਪਕ ਤੇ ਕਾਰਜਕਾਰੀ ਸਟਾਫ਼ ਮੈਂਬਰ ਪ੍ਰਿੰਸੀਪਲ ਦੀ ਅਗਵਾਈ ਹੇਠ ਸ਼ਾਮਲ ਹੁੰਦੇ ਹਨ।

## ਕੀ ਸਾਰੇ ਸਕੂਲਾਂ ਨੂੰ ਇੱਕ ਸਾਲਾਨਾ ਸਕੂਲ ਰਿਪੋਰਟ ਤਿਆਰ ਕਰਨ ਦੀ ਜ਼ਰੂਰਤ ਹੁੰਦੀ ਹੈ?

ਜੀ ਹਾਂ, ਨਿਊ ਸਾਊਥ ਵੇਲਜ਼ (NSW) ਦੇ ਸਾਰੇ ਸਰਕਾਰੀ ਸਕੂਲਾਂ ਨੂੰ 1997 ਤੋਂ ਸਾਲਾਨਾ ਸਕੂਲ ਰਿਪੋਰਟ ਤਿਆਰ ਕਰਨ ਦੀ ਜ਼ਰੂਰਤ ਪੈਂਦੀ ਹੈ।

## ਇੱਕ ਸਾਲਾਨਾ ਸਕੂਲ ਰਿਪੋਰਟ ਵਿੱਚ ਮੈਂ ਕਿਹੜੀ ਜਾਣਕਾਰੀ ਪੜ੍ਹਨ ਦੀ ਆਸ ਰੱਖ ਸਕਦਾ ਹਾਂ?

ਸਾਲਾਨਾ ਸਕੂਲ ਰਿਪੋਰਟ ਵਿੱਚ ਨਿਮਨਲਿਖਤ ਬਾਰੇ ਜਾਣਕਾਰੀ ਸ਼ਾਮਲ ਹੁੰਦੀ ਹੈਂ

- ਸਟਾਫ਼ ਬਾਰੇ ਖ਼ੁਲਾਸਾ ਅਤੇ ਵਿਦਿਆਰਥੀਆਂ ਸਬੰਧੀ ਜਾਣਕਾਰੀ
- ਪ੍ਰਾਇਮਰੀ ਅਤੇ ਸੈਕੰਡਰੀ ਦੋਵੇਂ ਸੈਕਟਰਾਂ ਵਿੱਚ ਰਾਸ਼ਟਰੀ ਅਤੇ ਸੂਬਾ-ਪੱਧਰੀ ਟੈਸਟਾਂ ਵਿੱਚ ਵਿਦਿਆਰਥੀ ਦੀ ਕਾਰਗੁਜ਼ਾਰੀ ਦੇ ਨਤੀਜੇ
- ਕਲਾਵਾਂ ਅਤੇ ਖੇਡ ਵਿੱਚ ਵਿਦਿਆਰਥੀ ਦੀ ਪ੍ਰਾਪਤੀ
- ਸਕੂਲ ਵੱਲੋਂ ਪੇਸ਼ਕਸ਼ ਕੀਤੀਆਂ ਗਈਆਂ ਪਹਿਲਕਦਮੀਆਂ ਅਤੇ ਮਹੱਤਵਪੂਰਣ ਪ੍ਰੋਗਰਾਮਾਂ ਨਾਲ ਸਬੰਧਤ ਜਾਣਕਾਰੀ
- ਟੀਚਿਆਂ ਦੀ ਪ੍ਰਗਤੀ ਅਤੇ ਕਾਰਗੁਜ਼ਾਰੀ ਦਾ ਸਕੂਲ ਸਵੈ-ਮੁਲੰਕਣਾਂ; ਅਤੇ
- ਆਉਣ ਵਾਲੇ ਸਾਲ ਲਈ ਸੁਧਾਰ ਲਈ ਨਿਸ਼ਾਨੇ

## ਲਾਈਕ ਸਕੂਲ ਗਰੁੱਪ ਕੀ ਹੈ (Like School Group) (LSG)?

ਇੱਕ Like School Group ਸਕੂਲਾਂ ਦਾ ਇੱਕ ਅਜਿਹਾ ਸਮੂਹ ਹੈ ਜੋ ਦੋ ਭਾਈਚਾਰਿਆਂ ਦੇ ਤੱਤਾਂ ਦੇ ਆਧਾਰ ਉਤੇ ਇੱਕ-ਸਮਾਨ ਹੁੰਦੇ ਹਨ, ਇਨ੍ਹਾਂ ਵਿੱਚ ਇਹ ਸ਼ਾਮਲ ਹੁੰਦੇ ਹਨ:

- ਸਕੂਲ ਭਾਈਚਾਰੇ ਦਾ ਔਸਤ ਸਮਾਜਕ-ਆਰਥਿਕ ਰੁਤਬਾ (ਸਮਾਜਕ-ਆਰਥਿਕ ਰੁਤਬਾ ਇੱਕ ਅਜਿਹਾ ਨਾਪ ਹੈ ਜਿਸ ਦੀ ਗਣਨਾ ਹਰੇਕ ਸਕੂਲੀ ਵਰ੍ਹੇ ਐਨਰੋਲਮੈਂਟ ਦੀਆਂ ਪੱਧਤੀਆਂ ਵਿੱਚ ਤਬਦੀਲੀਆਂ ਦਰਸਾਉਣ ਲਈ ਕੀਤੀ ਜਾਂਦੀ ਹੈ)
- ਭੂਗੋਲਕ ਵਖਰੇਵਾਂ

ਸਾਰੇ ਪ੍ਰਾਇਮਰੀ, ਸੈਕੰਡਰੀ ਅਤੇ ਕੇਂਦਰੀ ਸਕੂਲਾਂ ਨੂੰ ਨੌਂ Like School Groups ਵਿੱਚੋਂ ਇੱਕ ਵੰਡਿਆ ਜਾਂਦਾ ਹੈ, ਜਦੋਂ ਤੱਕ ਕਿ ਉਹ ਇੱਕ ਚੋਣਵਾਂ (ਸਲੈਕਟਿਵ) ਸਕੂਲ ਨਾ ਹੋਵੇ। ਇੱਕ ਵਧੀਕ Like School Group ਚੋਣਵੇਂ ਸਕੂਲਾਂ ਲਈ ਸਥਾਪਤ ਕੀਤਾ ਗਿਆ ਹੈ।

ਸਕੂਲ ਆਪਣੇ Like School Group (LSG) ਦੀ ਕਾਰਗੁਜ਼ਾਰੀ ਦੇ ਸਬੰਧ ਵਿੱਚ ਇਸ ਸਾਲਾਨਾ ਸਕੂਲ ਰਿਪੋਰਟ ਵਿੱਚ ਆਪਣੀ ਕਾਰਗੁਜ਼ਾਰੀ ਦੀ ਰਿਪੋਰਟ ਦੇਣ ਦਾ ਰਾਹ ਚੁਣ ਸਕਦੇ ਹਨ।

ਇਕ Like School Group ਦੇ ਮੁਕਾਬਲੇ ਰਿਪੋਰਟਿੰਗ ਕਾਰਗੁਜ਼ਾਰੀ ਕੋਈ ਵੈਧਾਨਿਕ ਨਹੀਂ ਹੈ। ਸਕੂਲ ਇਹ ਜਾਣਕਾਰੀ ਪ੍ਰਕਾਸ਼ਿਤ ਕਰਨ ਦਾ ਵਿਕਲਪ ਇਹ ਦਰਸਾਉਣ ਲਈ ਚੁਣ ਸਕਦੇ ਹਨ ਕਿ ਉਹੀ Like School Group ਦੇ ਹੋਰਨਾਂ ਸਕੂਲਾਂ ਦੇ ਮੁਕਾਬਲੇ ਉਨ੍ਹਾਂ ਦੇ ਸਕੂਲ ਦੀ ਕਾਰਗੁਜ਼ਾਰੀ ਸੂਬਾ-ਪੱਧਰੀ ਮੁਲੰਕਣਾਂ ਵਿੱਚ ਕਿਹੋ ਜਿਹੀ ਰਹੀ ਹੈ। ਸੂਬਾਈ ਔਸਤਾਂ ਨਾਲ ਨਤੀਜਿਆਂ ਦੀ ਤੁਲਨਾ ਕਰਨ ਨਾਲੋਂ ਇਹ ਕਈ ਵਾਰ ਵਧੇਰੇ ਸੂਚਨਾਦਾਇਕ ਹੋ ਸਕਦੀ ਹੈ।

## ਕੀ ਛੋਟੇ ਸਕੂਲਾਂ ਲਈ ਰਿਪੋਰਟਿੰਗ ਦੀਆਂ ਆਵੱਸ਼ਕਤਾਵਾਂ ਉਹੀ ਹਨ ਜਿਹੜੀਆਂ ਵੱਡੇ ਸਕੂਲਾਂ ਲਈ ਹਨ?

ਛੋਟੇ ਸਕੂਲਾਂ ਜਾਂ ਛੋਟੇ ਵਿਦਿਆਰਥੀ ਸਮੂਹਾਂ ਲਈ, ਜਾਣਕਾਰੀ ਦੀ ਰਿਪੋਰਟਿੰਗ ਵੇਲੇ ਗੁਪਤਤਾ ਅਤੇ ਨਿਜੀ ਜਾਣਕਾਰੀ ਨਾਲ ਸਬੰਧਤ ਨੀਤੀਆਂ ਦਾ ਖ਼ਿਆਲ ਜ਼ਰੂਰ ਰੱਖਿਆ ਜਾਣਾ ਚਾਹੀਦਾ ਹੈ। ਇੱਕ ਕੋਰਸ ਜਾਂ ਵਿਸ਼ੇ ਵਿੱਚ 10 ਵਿਦਿਆਰਥੀਆਂ ਤੋਂ ਘੱਟ ਦੇ ਸਮੂਹਾਂ ਲਈ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦੇ ਅੰਕੜਿਆਂ ਦਾ ਖ਼ੁਲਾਸਾ ਜਾਂ ਗ੍ਰਾਫ਼ ਦੀ ਮਦਦ ਨਾਲ ਪ੍ਰਤੀਵੇਦਨ ਹਰਗਿਜ਼ ਨਹੀਂ ਵਰਤਿਆ ਜਾਣਾ ਚਾਹੀਦਾ। ਜਿੱਥੇ 10 ਤੋਂ ਘੱਟ ਵਿਦਿਆਰਥੀ ਹੋਣ, ਸਕੂਲ ਉਸ ਹਾਲਤ ਵਿੱਚ ਸਿਰਫ਼ ਵਰਨਣਾਤਮਕ ਪਾਠ ਰਾਹੀਂ ਆਪਣੀ ਜਾਣਕਾਰੀ ਦੀ ਰਿਪੋਰਟ ਕਰਨਗੇ ਅਤੇ ਸਾਰੇ ਵਿਦਿਆਰਥੀਆਂ ਨਾਲ ਸਬੰਧਤ ਜਾਣਕਾਰੀ ਨੂੰ ਗੁਪਤ ਰੱਖਣਾ ਯਕੀਨੀ ਬਣਾਉਣ ਬਾਰੇ ਵੀ ਖ਼ਾਸ ਖ਼ਿਆਲ ਰੱਖਣਗੇ।

## ਵੈਕਲਪਿਕ ਰਿਪੋਰਟਿੰਗ ਦੀਆਂ ਆਵਸ਼ੱਕਤਾਵਾਂ ਕੀ ਹਨ?

ਸਕੂਲਾਂ ਨੂੰ ਵਿਦਿਆਰਥੀਆਂ ਦੀਆਂ ਕਲਾ, ਖੇਡ, ਨਾਗਰਿਕਤਾ ਅਤੇ ਆਪਣੇ ਸਕੂਲ ਵਿੱਚ ਕਿਸੇ ਹੋਰ ਖੇਤਰ ਨਾਲ ਸਬੰਧਤ ਵਿਲੱਖਣ ਪ੍ਰਾਪਤੀਆਂ ਦੀ ਮਾਨਤਾ ਬਾਰੇ ਜਾਣਕਾਰੀ ਸ਼ਾਮਲ ਕਰਨ ਦਾ ਵਿਕਲਪ ਦਿੱਤਾ ਜਾਂਦਾ ਹੈ।

ਪੇਸ਼ਕਸ਼ ਕੀਤੇ ਜਾਣ ਵਾਲੇ ਸਕੂਲ ਦੇ ਹੋਰ ਪ੍ਰੋਗਰਾਮਾਂ ਜਿਵੇਂ ਕਿ ਵਿਦਿਆਰਥੀ ਕਲਿਆਣ, ਸੂਚਨਾ ਤੇ ਸੰਚਾਰ ਤਕਨਾਲੋਜੀ, ਵਾਤਾਵਰਣਕ ਸਿੱਖਿਆ ਅਤੇ ਵਧੀਕ ਜ਼ਰੂਰਤਾਂ ਨਾਲ ਵਿਦਿਆਰਥੀਆਂ ਲਈ ਪ੍ਰੋਗਰਾਮਾਂ ਨਾਲ ਸਬੰਧਤ ਜਾਣਕਾਰੀ ਦਾ ਖ਼ੁਲਾਸਾ ਵੀ ਸ਼ਾਮਲ ਕੀਤਾ ਜਾ ਸਕਦਾ ਹੈ।

## ਮੇਰੇ ਬੱਚੇ ਦੇ ਸਕੂਲ ਦੀ ਸਾਲਾਨਾ ਸਕੂਲ ਰਿਪੋਰਟ ਦੀ ਕਾਪੀ ਪ੍ਰਾਪਤ ਕਰਨ ਦੀ ਸੰਭਾਵਨਾ ਮੈਨੂੰ ਕਦੋਂ ਤੱਕ ਰੱਖਣੀ ਚਾਹੀਦੀ ਹੈ?

ਸਕੂਲ ਆਮ ਤੌਰ ਤੇ ਆਪਣੀਆਂ ਸਕੂਲ ਰਿਪੋਰਟਾਂ ਟਰਮ 1 ਅਤੇ ਅਗਲੇ ਸਾਲ ਦੀ ਟਰਮ 2 ਦੌਰਾਨ ਤਿਆਰ ਕਰ ਲੈਂਦੇ ਹਨ। ਇਹ ਆਵਸ਼ੱਕ ਹੈ ਕਿ ਸਾਲਾਨਾ ਸਕੂਲ ਰਿਪੋਰਟਾਂ ਹਰ ਸਾਲ 30 ਜੂਨ ਤੱਕ ਵੰਡ ਦਿੱਤੀਆਂ ਜਾਣ।

## ਮੈਂ ਆਪਣੇ ਬੱਚੇ ਦੇ ਸਕੂਲ ਦੀ ਸਾਲਾਨਾ ਸਕੂਲ ਰਿਪੋਰਟ ਦੀ ਕਾਪੀ ਕਿਵੇਂ ਹਾਸਲ ਕਰ ਸਕਦਾ ਹਾਂ?

ਸਕੂਲ ਆਪਣੇ ਹਰੇਕ ਵਿਦਿਆਰਥੀ ਦੇ ਪਰਿਵਾਰ ਨੂੰ ਰਿਪੋਰਟ ਦੀ ਹਾਰਡ ਕਾਪੀ ਮੁਹੱਈਆ ਕਰਵਾਉਣਗੇ। ਬਹੁਤੇ ਸਕੂਲ ਆਪਣੇ ਵੈਬਪੇਜ ਉਤੇ ਰਿਪੋਰਟ ਰੱਖ ਕੇ ਸਾਲਾਨਾ ਸਕੂਲ ਰਿਪੋਰਟ ਤੱਕ ਇਲੈਕਟ੍ਰੌਨਿਕ ਪਹੁੰਚ ਪ੍ਰਦਾਨ ਕਰਨ ਦਾ ਵਿਕਲਪ ਚੁਣ ਲੈਂਦੇ ਹਨ। ਰਿਪੋਰਟ ਦੀ ਕਾਪੀ ਕਿਵੇਂ ਲਈ ਜਾ ਸਕਦੀ ਹੈ, ਇਸ ਬਾਰੇ ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਜਾਂ ਤਾਂ ਆਪਣੇ ਬੱਚੇ ਦੇ ਸਕੂਲ ਨਾਲ ਜਾਂ 9707 6217 ਉਤੇ Educational Measurement and School Accountability Directorate ਨਾਲ ਸੰਪਰਕ ਕਰੋ।

## ਟੈਲੀਫੋਨ ਦੁਭਾਸ਼ਿਆਈ (ਇੰਟਰਪ੍ਰੇਟਰ) ਸੇਵਾ

ਜੇ ਤੁਹਾਨੂੰ ਆਪਣੇ ਬੱਚੇ ਦੇ ਸਕੂਲ ਜਾਂ Educational Measurement and School Accountability Directorate, ਨਾਲ ਸੰਪਰਕ ਕਰਨ ਲਈ ਦੁਭਾਸ਼ੀਏ ਦੀ ਲੋੜ ਹੋਵੇ, ਤਾਂ ਕ੍ਰਿਪਾ ਕਰਕੇ ਟੈਲੀਫੋਨ ਇੰਟਰਪ੍ਰੇਟਰ ਸੇਵਾ ਨੂੰ 131 450 ਤੇ ਫੋਨ ਕਰਕੇ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ। ਦੁਭਾਸ਼ੀਆ ਸਕੂਲ ਜਾਂ Directorate ਨੂੰ ਫੋਨ ਕਰੇਗਾ ਅਤੇ ਤੁਹਾਡੀ ਗਲਬਾਤ ਦੌਰਾਨ ਤੁਹਾਡੀ ਸਹਾਇਤਾ ਲਈ ਫੋਨ ਤੇ ਰਹੇਗਾ। ਇਸ ਸੇਵਾ ਲਈ ਤੁਹਾਨੂੰ ਕੋਈ ਰਕਮ ਨਹੀਂ ਦੇਣੀ ਪਵੇਗੀ।

NEW SOUTH WALES
DEPARTMENT
OF EDUCATION
AND TRAINING